Alberta

**ਨਿਊਜ਼** ਰਿਲੀਜ਼

# ਯੁਟਿਲਿਟੀ ਬਿੱਲਾਂ ਨੂੰ ਵਧੇਰੇ ਪੁੱਜਤਯੋਗ ਬਣਾਉਣਾ

22 ਅਪਰੈਲ 2024 ਮੀਡੀਆ ਇਨੁਕਆਰੀਆਂ

## ਸਥਾਨਕ ਐਕਸੈੱਸ ਫੀਸਾਂ ਨੂੰ ਘੱਟ ਅਤੇ ਸਥਿਰ ਕਰਨ ਵਾਸਤੇ ਇਕ ਵਿਧਾਨ ਪੇਸ਼ ਕਰਨ ਦੁਆਰਾ ਐਲਬਰਟਾ ਸਰਕਾਰ ਐਲਬਰਟਾ ਦੇ ਰੇਟਪੇਅਰਾਂ ਦੀ ਸੁਰੱਖਿਆ ਲਈ ਕਾਰਵਾਈ ਕਰ ਰਹੀ ਹੈ।

ਪੁੱਜਯੋਗਤਾ ਐਲਬਰਟਾ ਸਰਕਾਰ ਲਈ ਸਿਰੇ ਦੀ ਤਰਜੀਹ ਹੈ, ਜਿਸ 'ਚ ਯੁਟਿਲਿਟੀਆਂ ਦੀ ਲਾਗਤ ਵੱਡਾ ਧਿਆਨ ਲੈ ਰਹੀ ਹੈ। ਯੁਟਿਲਿਟੀ ਬਿੱਲਾਂ ਦੇ ਖਰਚਿਆਂ ਨੂੰ ਘਟਾਉਣ 'ਚ ਮਦਦ ਕਰਨ ਲਈ ਇਕ ਵਿਧਾਨ ਲਿਆਉਣ ਦੁਆਰਾ ਸਰਕਾਰ ਐਲਬਰਟਾ ਦੇ ਲੋਕਾਂ ਵਾਸਤੇ ਜੀਵਨ ਨੂੰ ਵਧੇਰੇ ਪੁੱਜਤਯੋਗ ਬਣਾਉਣ ਦੀ ਆਪਣੀ ਵਚਨਬਧਤਾ ਨੂੰ ਪੂਰਿਆਂ ਕਰਨਾਂ ਜਾਰੀ ਰੱਖ ਰਹੀ ਹੈ। ਇਹ ਬਿਜਲੀ ਦੀਆਂ ਕੀਮਤਾਂ 'ਚ ਵਾਧੇ ਨੂੰ ਰੋਕਣ ਲਈ ਨਵੇਂ ਥੋੜ-ਚਿਰੇ ਉਪਾਵਾਂ ਤੋਂ ਇਲਾਵਾ ਹੈ ਅਤੇ ਇਹ ਐਲਬਰਟਾ ਵਾਸੀਆਂ ਦੇ ਮੁਢਲੇ ਘਰੇਲੂ ਖਰਚਿਆਂ ਵਾਸਤੇ ਲੰਮੀ-ਮਿਆਦ ਦੀ ਪੁੱਜਤਯੋਗਤਾ ਨੂੰ ਯਕੀਨੀ ਬਣਾਉਣ 'ਚ ਮਦਦ ਕਰੇਗਾ।

"ਐਲਬਰਟਾ ਵਾਸੀ ਬਿਜਲੀ ਦੇ ਉੱਚੇ ਖਰਚਿਆਂ ਤੋਂ ਰਾਹਤ ਲੋੜਦੇ ਹਨ ਅਤੇ ਅਸੀਂ ਸਥਾਨਕ ਐਕਸੈੱਸ ਫੀਸਾਂ ਨੂੰ ਨਿਆਂਸੰਗਤ ਕਰਨ ਦੁਆਰਾ ਉਹ ਰਾਹਤ ਪ੍ਰਦਾਨ  ਕਰ ਸਕਦੇ ਹਾਂ। ਅਸੀਂ ਮਿਊਂਸਪੈਲਿਟੀਆਂ, ਸਮੇਤ ਸਿਟੀ ਆਫ ਕੈਲਗਰੀ, ਨੂੰ ਬਿਜਲੀ ਖਰਚਿਆਂ 'ਚ ਅਣਕਿਆਸੇ ਵਾਧਿਆਂ ਦੁਆਰਾ ਮੁਨਾਫਾ ਕਮਾਉਣ ਦੀ ਆਗਿਆ ਨਹੀਂ ਦਿਆਂਗੇ, ਜਦੋਂ ਕਿ ਪਰਿਵਾਰ ਆਪਣਾ ਗੁਜ਼ਾਰਾ ਚਲਾਉਣ ਲਈ ਸੰਘਰਸ਼ ਕਰ ਰਹੇ ਹਨ। ਅਸੀਂ ਸੂਬੇ ਭਰ 'ਚ ਸਥਾਨਕ ਐਕਸੈੱਸ ਫੀਸਾਂ ਦਾ ਹਿਸਾਬ ਕਿਤਾਬ ਕੱਢਣ ਦੇ ਮਿਆਰੀਕਰਨ ਦੁਆਰਾ ਐਲਬਰਟਾ ਦੇ ਪਰਿਵਾਰਾਂ ਦੀ ਬਿਜਲੀ ਦੇ ਖਰਚਿਆਂ 'ਚ ਅਤਿ-ਅਧਿਕ ਉਤਰਾਵਾਂ-ਚੜ੍ਹਾਵਾਂ ਤੋਂ ਸੁਰੱਖਿਆ ਕਰਾਂਗੇ।"

*Danielle Smith, ਪ੍ਰੀਮੀਅਰ*

ਸਥਾਨਕ ਐਕਸੈੱਸ ਫੀਸਾਂ ਇਕ ਉਲਟ-ਰੁਖੀ ਟੈਕਸ ਵਜੋਂ ਕੰਮ ਕਰ ਰਹੀਆਂ ਹਨ ਜਿਹੜੀਆਂ ਰੇਟਪੇਅਰ ਆਪਣੇ ਯੁਟਿਲਿਟੀ ਬਿੱਲਾਂ 'ਤੇ ਅਦਾ ਕਰ ਹਨ। ਮਿਉਂਸਪੈਲਿਟੀਆਂ ਦੁਆਰਾ ਸੈਂਕੜੇ ਮਿਲੀਅਨ ਡਾਲਰ ਵਾਧੂ ਬਕਾਏ ਵਜੋਂ ਐਲਬਰਟਾ ਦੇ ਰੇਟਪੇਅਰਾਂ ਤੋਂ ਇਕੱਠਾ ਕਰਨਾਂ ਅਤੇ ਆਪਣੀਆਂ ਫੀਸਾਂ ਨੂੰ ਇਕ ਵੇਰੀਏਬਲ ਰੇਟ ਨਾਲ ਬੰਨਣ ਦੁਆਰਾ ਯੁਟਿਲਿਟੀ ਬਿੱਲਾਂ ਨੂੰ ਅਣਕਿਆਸੇ ਖਰਚਿਆਂ ਦਾ ਕਾਰਨ ਬਣਾ ਦੇਣਾਂ ਅਸਵੀਕਾਰ ਕਰਨ ਯੋਗ ਹੈ। ਕੈਲਗਰੀ ਨਿਵਾਸੀਆਂ ਨੇ 2023 'ਚ ਔਸਤਨ 240 ਡਾਲਰ

ਸਥਾਨਕ ਐਕਸੈੱਸ ਵਜੋਂ ਅਦਾ ਕੀਤੇ, ਐਡਮਿੰਟਨ 'ਚ ਔਸਤਨ 75 ਡਾਲਰ ਦੇ ਮੁਕਾਬਲੇ। ਕੈਲਗਰੀ ਦੇ ਵੇਰੀਏਬਲ ਰੇਟ 'ਤੇ ਨਿਰਭਰ ਫਾਰਮੂਲੇ ਦੀ ਮਿਹਰਬਾਨੀ। ਇਸ ਨਾਲ ਸਿਟੀ ਆਫ ਕੈਲਗਰੀ ਵੱਲੋਂ ਆਸ ਕੀਤੇ ਗਏ ਨਾਲੋਂ 186 ਮਿਲੀਅਨ ਡਾਲਰ ਫੀਸਾਂ ਵਜੋਂ ਵਧੇਰੇ ਇਕੱਠੇ ਕੀਤੇ ਗਏ।

"ਐਲਬਰਟਾ ਨਿਵਾਸੀ ਵਾਜਬ ਅਤੇ ਕਿਆਸਯੋਗ ਯੁਟਿਲਿਟੀ ਬਿੱਲਾਂ ਦੇ ਹੱਕਦਾਰ ਹਨ। ਸਾਡੀ ਸਰਕਾਰ ਐਲਬਰਟਾ ਨਿਵਾਸੀਆਂ ਨੂੰ ਸੁਣ ਰਹੀ ਹੈ ਅਤੇ ਬਿਜਲੀ ਬਿੱਲਾਂ 'ਤੇ ਅਣ-ਪੁੱਜਤਯੋਗ ਫੀਸਾਂ ਦੇ ਹੱਲ ਵਾਸਤੇ ਕਾਰਵਾਈ ਕਰ ਰਹੀ ਹੈ। ਇਹ ਵਿਧਾਨ ਪੇਸ਼ ਕਰਨ ਦੁਆਰਾ ਅਸੀਂ ਇਹ ਯਕੀਨੀ ਬਣਾਉਣ ਵੱਲ ਨੂੰ ਇਕ ਕਦਮ ਹੋਰ ਅੱਗੇ ਹੋਏ ਹਾਂ ਕਿ ਸਾਡਾ ਬਿਜਲੀ ਦਾ ਗਰਿੱਡ ਆਉਣ ਵਾਲੀਆਂ ਪੀੜ੍ਹੀਆਂ ਲਈ ਪੁੱਜਤਯੋਗ, ਭਰੋਸੇਯੋਗ ਅਤੇ ਟਿਕਣਯੋਗ ਹੈ।"

*Nathan Neudorf, ਮਿਨਿਸਟਰ ਆਫ ਅਫੋਰਡੇਬਿਲਿਟੀ ਐਂਡ ਯੁਟਿਲਿਟੀਜ਼*

ਐਲਬਰਟਾ ਦੇ ਰੇਟਪੇਅਰਾਂ ਦੀ ਸੁਰੱਖਿਆ ਲਈ ਐਲਬਰਟਾ ਸਰਕਾਰ *Utilities Affordability Statutes Amendment Act, 2024* ਪੇਸ਼ ਕਰ ਰਹੀ ਹੈ। ਜੇਕਰ ਇਹ ਪਾਸ ਹੋ ਜਾਂਦਾ ਹੈ, ਤਾਂ ਇਹ ਕਾਨੂੰਨ ਮਿਊਂਸਪੈਲਿਟੀਆਂ ਵੱਲੋਂ ਸਥਾਨਕ ਐਕਸੈੱਸ ਫੀਸ ਦਾ ਹਿਸਾਬ ਕਿਤਾਬ ਕੱਢਣ ਵੇਲੇ ਵੇਰੀਏਬਲ ਰੇਟਾਂ ਦੀ ਵਰਤੋਂ ਦੀ ਮਨਾਹੀ ਦੁਆਰਾ ਯੁਟਿਲਿਟੀ ਬਿੱਲਾਂ ਦੀ ਲੰਮੀ ਮਿਆਦ ਦੀ ਪੁੱਜਤਯੋਗਤਾ ਅਤੇ ਕਿਆਸਯੋਗਤਾ ਨੂੰ ਬੜ੍ਹਾਵਾ ਦੇਵੇਗਾ।

ਵੇਰੀਏਬਲ ਰੇਟ ਬਹੁਤ ਅਸਥਿਰ ਹਨ, ਜਿੰਨ੍ਹਾਂ ਦੇ ਨਤੀਜੇ ਵਜੋਂ ਬਿਜਲੀ ਦੇ ਬਿੱਲ ਵੱਡੇ ਰੂਪ 'ਚ ਵੱਧ ਘੱਟ ਹੁੰਦੇ ਰਹਿੰਦੇ ਹਨ। ਜਦੋਂ ਮਿਊਂਸਪੈਲਿਟੀਆਂ ਆਪਣੀ ਸਥਾਨਕ ਐਕਸੈੱਸ ਫੀਸਾਂ ਦੀ ਦਰ ਦਾ ਹਿਸਾਬ ਕਿਤਾਬ ਕੱਢਣ ਲਈ ਇਸ ਰੇਟ ਦੀ ਵਰਤੋਂ ਕਰਦੀਆਂ ਹਨ, ਤਾਂ ਨਤੀਜਾ ਐਲਬਰਟਾ ਵਾਸੀਆਂ ਲਈ ਵੱਧ ਬਿੱਲ ਅਤੇ ਪਰਿਵਾਰਕ ਬੱਜਟਾਂ 'ਚ ਘੱਟ ਨਿਸਚਿਤਤਾ ਹੁੰਦਾ ਹੈ। ਇਹ ਸੁਝਾਈਆਂ ਗਈਆਂ ਤਬਦੀਲੀਆਂ ਮਿਆਰੀਕਰਨ ਕਰ ਦੇਣਗੀਆਂ ਕਿ ਸੂਬੇ ਭਰ 'ਚ ਮਿਊਂਸਪੈਲਿਟੀਆਂ ਦਰਾਂ ਕਿਵੇਂ ਕੱਢਦੀਆਂ ਹਨ, ਅਤੇ ਇਸਨੂੰ ਬਹੁਤੀਆਂ ਮਿਊਂਸਪੈਲਿਟੀਆਂ ਨਾਲ ਇਕਸਾਰ ਕਰ ਦੇਣਗੀਆਂ।

ਜੇਕਰ ਪਾਸ ਹੋ ਜਾਂਦਾ ਹੈ, ਤਾਂ *Utilities Affordability Statutes Amendment Act, 2024* ਮਿਊਂਸਪੈਲਿਟੀਆਂ ਨੂੰ ਭਵਿੱਖ ਵਿਚ ਐਲਬਰਟਾ ਦੇ ਰੇਟਪੇਅਰਾਂ ਦਾ ਫਾਇਦਾ ਚੁੱਕਣ ਦੇ ਯਤਨ ਕਰਨ ਤੋਂ ਮਨਾਹੀ ਕਰ ਦੇਵੇਗਾ। ਇਹ *ਇਲੈਕਟ੍ਰਿਕ ਯੁਟਿਲਿਟੀਜ਼ ਐਕਟ* ਅਤੇ *ਗੈਸ ਯੁਟਿਲਿਟੀਜ਼ ਐਕਟ* ਦੇ ਕੁਝ ਸੈਕਸ਼ਨਾਂ 'ਚ ਸੋਧ ਕਰ ਦੇਵੇਗਾ, ਜਿਸ ਨਾਲ ਯਕੀਨੀ ਹੋ ਜਾਵੇਗਾ ਕਿ ਐਲਬਰਟਾ ਯੁਟਿਲਿਟੀਜ਼ ਕਮਿਸ਼ਨ ਕੋਲ ਇਹ ਵੇਖਣ ਦੀ ਵਧੇਰੇ ਰੈਗੂਲੇਟਰੀ ਤਾਕਤ ਹੋਵੇਗੀ ਕਿ ਮਿਊਂਸਪੈਲਿਟੀਆਂ ਦੁਆਰਾ ਫੀਸਾਂ ਕਿਵੇਂ ਕੱਢੀਆਂ ਅਤੇ ਲਾਗੂ ਕੀਤੀਆਂ ਜਾਂਦੀਆਂ ਹਨ, ਜਿਸ ਨਾਲ ਯਕੀਨੀ ਹੋਵੇਗਾ ਕਿ ਐਲਬਰਟਾ ਦੇ ਰੇਟਪੇਅਰਾਂ ਦੇ ਵੱਡੇ ਹਿੱਤ ਸੁਰੱਖਿਅਤ ਹਨ।

ਜੇਕਰ ਪਾਸ ਹੋ ਜਾਂਦਾ ਹੈ, ਤਾਂ ਇਹ ਕਾਨੂੰਨ *ਐਲਬਰਟਾ ਯੁਟਿਲਿਟੀਜ਼ ਕਮਿਸ਼ਨ ਐਕਟ*, *ਇਲੈਕਟ੍ਰਿਕ ਯੁਟਿਲਿਟੀਜ਼ ਐਕਟ*, *ਗਵਰਨਮੈਂਟ ਆਰਗੇਨਾਈਜ਼ੇਸ਼ਨ ਐਕਟ* ਅਤੇ *ਰੈਗੂਲੇਟਿਡ ਰੇਟ ਆਪਸ਼ਨ ਸਟੈਬਿਲਿਟੀ ਐਕਟ* ਦੇ ਕੁਝ ਸ਼ਬਦਾਂ "ਰੈਗੂਲੇਟਿਡ ਰੇਟ ਆਪਸ਼ਨ", "ਆਰ ਆਰ ਓ" ਅਤੇ "ਰੈਗੂਲੇਟਿਡ ਰੇਟ ਪ੍ਰੋਵਾਈਡਰ" ਨੂੰ "ਰੇਟ ਆਫ ਲਾਸਟ ਰਿਜ਼ੌਰਟ" ਅਤੇ "ਰੇਟ ਆਫ ਲਾਸਟ ਰਿਜ਼ੌਰਟ ਪ੍ਰੋਵਾਈਡਰ" 'ਚ ਤਬਦੀਲ ਕਰਦਿਆਂ ਲਾਗੂ ਕਰੇਗਾ।

## ਫੌਰੀ ਤੱਥ

- ਸਥਾਨਕ ਐਕਸੈੱਸ ਫੀਸਾਂ ਬੁਨਿਆਦੀ ਤੌਰ 'ਤੇ ਉਹ ਟੈਕਸ ਹਨ ਜਿਹੜੇ ਮਿਊਂਸਪੈਲਿਟੀਆਂ ਦੁਆਰਾ ਬਿਜਲੀ ਦੇ ਡਿਸਟ੍ਰੀਬਿਊਟਰਾਂ ਤੋਂ ਲਏ ਜਾਂਦੇ ਹਨ। ਇਹ ਫੀਸਾਂ ਫਿਰ ਮਿਊਂਸਪੈਲਿਟੀ ਵਿਚਲੇ ਡਿਸਟ੍ਰੀਬਿਊਟਰਾਂ ਦੇ ਗਾਹਕਾਂ 'ਤੇ ਅਗਾਂਹ ਦਿੱਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਬਿੱਲਾਂ ਉੱਪਰ ਇਕ ਵੱਖਰੀ ਲਾਈਨ ਵਜੋਂ ਪ੍ਰਗਟ ਹੁੰਦੀਆਂ ਹਨ।
    - *ਮਿਊਂਸਿਪਲ ਗਵਰਨਮੈਂਟ ਐਕਟ* ਮਿਊਂਸਪੈਲਿਟੀਆਂ ਨੂੰ ਸਥਾਨਕ ਐਕਸੈੱਸ ਫੀਸਾਂ ਅਤੇ ਫਰੈਂਚਾਈਜ਼ ਫੀਸਾਂ ਚਾਰਜ ਕਰਨ, ਸੋਧ ਕਰਨ ਅਤੇ ਉਨ੍ਹਾਂ 'ਤੇ ਹੱਦ ਲਾਉਣ ਦਾ ਅਧਿਕਾਰ ਦਿੰਦਾ ਹੈ।
- ਲਾਈਨੀਅਰ ਟੈਕਸ ਅਤੇ ਫਰੈਂਚਾਈਜ਼ ਫੀਸਾਂ ਗਾਹਕਾਂ ਦੇ ਪਾਵਰ ਬਿੱਲਾਂ 'ਤੇ ਆਮ ਤੌਰ 'ਤੇ ਇਕ ਲਾਈਨ 'ਚ **ਦਿ ਲੋਕਲ ਐਕਸੈੱਸ ਫੀ** ਵਜੋਂ ਇਕੱਠੇ ਕਰ ਦਿੱਤੇ ਜਾਂਦੇ ਹਨ।
    - **ਲਾਈਨੀਅਰ ਟੈਕਸ** ਯੁਟਿਲਿਟੀ ਕੋਲੋਂ ਮਿਊਂਸਪੈਲਿਟੀ ਦੀ ਪ੍ਰਾਪਰਟੀ ਨੂੰ ਕੰਸਟ੍ਰੱਕਸ਼ਨ, ਆਪਰੇਸ਼ਨ ਅਤੇ ਯੁਟਿਲਿਟੀ ਦੇ ਫੈਲਾਅ ਵਾਸਤੇ ਵਰਤਣ ਬਦਲੇ ਚਾਰਜ ਕੀਤਾ ਜਾਂਦਾ ਹੈ।
    - **ਫਰੈਂਚਾਈਜ਼ ਫੀਸ** ਯੁਟਿਲਿਟੀ ਵੱਲੋਂ ਮਿਊਂਸਪੈਲਿਟੀ ਨੂੰ ਮਿਊਂਸਪੈਲਿਟੀ ਖੇਤਰ ਵਿਚ ਸਰਵਿਸ ਪ੍ਰਦਾਨ ਕਰਨ ਦੇ ਵਿਸ਼ੇਸ਼ ਅਧਿਕਾਰ ਬਦਲੇ ਅਦਾ ਕੀਤੀ ਜਾਂਦੀਹੈ।
- ਸਥਾਨਕ ਐਕਸੈੱਸ ਫੀਸਾਂ ਆਮ ਕਰਕੇ ਦੋਹਾਂ 'ਚੋਂ ਕਿਸੇ ਇਕ ਤਰੀਕੇ ਨਾਲ ਕੱਢੀਆਂ ਜਾਂਦੀਆਂ ਹਨ:
    - (1) ਟ੍ਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ (ਡਿਲਿਵਰੀ) ਖਰਚਿਆਂ ਦੇ ਕਿਸੇ ਪ੍ਰਤਿਸ਼ਤ ਦੁਆਰਾ, ਆਮ ਤੌਰ 'ਤੇ 10-15 ਪ੍ਰਤਿਸ਼ਤ।
    - (2) ਵਰਤੀ ਗਈ ਪਾਵਰ ਦੇ ਪ੍ਰਤਿ ਕਿਲੋਵਾਟ ਆਵਰ 'ਤੇ ਇਕ ਨਿਸਚਿਤ ਰੇਟ ਚਾਰਜ (ਸਿਟੀ ਆਫ ਐਡਮਿੰਟਨ)।
- ਕੈਲਗਰੀ ਇਕੋ ਇਕ ਮਿਊਂਸਪੈਲਿਟੀ ਹੈ ਜਿਹੜੀ ਟੂ-ਪਾਰਟ ਫੀ ਕੈਲਕੂਲੇਸ਼ਨ ਫਾਰਮੂਲਾ ਵਰਤਦੀ ਹੈ:
    - 11.11 ਪ੍ਰਤਿਸ਼ਤ ਟ੍ਰਾਂਸਮਿਸ਼ਨ ਅਤੇ ਡਿਸਟ੍ਰਿਬਿਊਸ਼ਨ ਚਾਰਜ **ਪਲੱਸ** 11.11 ਪ੍ਰਤਿਸ਼ਤ ਰੈਗੂਲੇਟਿਡ ਰੇਟ ਆਪਸ਼ਨ ਗੁਣਾ ਵਰਤੇ ਗਏ ਮੈਗਾਵਾਟ ਘੰਟੇ।

## ਸਬੰਧਤ ਜਾਣਕਾਰੀ

- ਯੁਟਿਲਿਟੀ ਬਿੱਲਾਂ ਨੂੰ ਵਧੇਰੇ ਪੁੱਜਤਯੋਗ ਬਣਾਉਣਾ
- ਯੁਟਿਲਿਟੀ ਕੰਜ਼ਿਊਮਰ ਐਡਵੋਕੇਟ
- ਬਿੱਲ 19: ਯੁਟਿਲਿਟੀਜ਼ ਅਫੋਰਡੇਬਿਲਟੀ ਸਟੈਚਿਊਟਸ ਅਮੈਂਡਮੈਂਟ ਐਕਟ, 2024

## ਸਬੰਧਤ ਖਬਰਾਂ

- ਬਿਜਲੀ ਨੂੰ ਵਧੇਰੇ ਪੁੱਜਤਯੋਗ ਬਣਾਉਣਾ (18 ਅਪਰੈਲ 2024)

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ
- ਨਿਊਜ਼ ਕਾਨਫਰੰਸ ਨੂੰ ਸੁਣੋ

## ਮੀਡੀਆ ਇੰਨਕੁਅਰੀਆਂ


### Ashley M Stevenson

587-357-2141
ਪ੍ਰੈੱਸ ਸੈਕਰੇਟਰੀ, ਅਫੋਰਡੇਬਿਲਿਟੀ ਐਂਡ ਯੁਟਿਲਿਟੀਜ਼